**15ਵੀਂ ਵਿਧਾਨ ਸਭਾ**
ਤੀਜਾ ਸਮਾਗਮ

ਪੰਜਾਬ ਵਿਧਾਨ ਸਭਾ
ਬੁਲੇਟਿਨ ਨੰ: 1

ਸੋਮਵਾਰ, 27 ਨਵੰਬਰ, 2017

(2.00 ਵਜੇ ਬਾਅਦ ਦੁਪਹਿਰ ਤੋਂ 02.17 ਵਜੇ ਬਾਅਦ ਦੁਪਹਿਰ ਤੱਕ)

1. ਅਕਾਲ ਚਲਾਣਿਆਂ ਦਾ ਵਰਣਨ:

ਮਾਨਯੋਗ ਸਪੀਕਰ ਨੇ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ :-

1. ਰਾਜਮਾਤਾ ਮਹਿੰਦਰ ਕੌਰ, ਸਾਬਕਾ ਸੰਸਦ ਮੈਂਬਰ;
2. ਕੰਵਰ ਵਿਸ਼ਵਜੀਤ ਪ੍ਰਿਥਵੀਜੀਤ ਸਿੰਘ, ਸਾਬਕਾ ਸੰਸਦ ਮੈਂਬਰ;
3. ਸ਼੍ਰੀ ਮਹਿੰਦਰ ਸਿੰਘ ਕਲਿਆਣ, ਸਾਬਕਾ ਸੰਸਦ ਮੈਂਬਰ;
4. ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ, ਸਾਬਕਾ ਐਮ.ਐਲ.ਏ;
5. ਸਰਦਾਰ ਬਲਵੰਤ ਸਿੰਘ, ਸਾਬਕਾ ਐਮ.ਐਲ.ਏ;
6. ਸਰਦਾਰ ਰਾਜਾ ਸਿੰਘ, ਸਾਬਕਾ ਐਮ.ਐਲ.ਏ;
7. ਸਰਦਾਰ ਬਲਬੀਰ ਸਿੰਘ, ਸਾਬਕਾ ਐਮ.ਐਲ.ਏ;
8. ਸਰਦਾਰ ਸੁਰਜਨ ਸਿੰਘ ਜੋਗਾ, ਸਾਬਕਾ ਐਮ.ਐਲ.ਏ;
9. ਕਾਮਰੇਡ ਰਾਜ ਕੁਮਾਰ, ਸਾਬਕਾ ਐਮ.ਐਲ.ਏ;
10. ਸ਼੍ਰੀ ਅਰਜਨ ਸਿੰਘ, ਸੁਤੰਤਰਤਾ ਸੰਗਰਾਮੀ;
11. ਸ਼੍ਰੀ ਵੱਸਣ ਸਿੰਘ, ਸੁਤੰਤਰਤਾ ਸੰਗਰਾਮੀ;
12. ਸ਼੍ਰੀ ਜਗਤ ਸਿੰਘ, ਸੁਤੰਤਰਤਾ ਸੰਗਰਾਮੀ;
13. ਸ਼੍ਰੀ ਬਚਨ ਸਿੰਘ, ਸੁਤੰਤਰਤਾ ਸੰਗਰਾਮੀ;
14. ਸ਼੍ਰੀ ਰਾਮ ਸਰੂਪ, ਸੁਤੰਤਰਤਾ ਸੰਗਰਾਮੀ;
15. ਸ਼੍ਰੀਮਤੀ ਬਚਨ ਕੌਰ, ਸੁਤੰਤਰਤਾ ਸੰਗਰਾਮੀ;
16. ਸ਼੍ਰੀ ਚੰਨਣ ਸਿੰਘ, ਸੁਤੰਤਰਤਾ ਸੰਗਰਾਮੀ;
17. ਗਿਆਨੀ ਮੱਲ ਸਿੰਘ, ਜਥੇਦਾਰ, ਤਖਤ ਸ਼੍ਰੀ ਕੇਸਗੜ੍ਹ ਸਾਹਿਬ;
18. ਸ਼ਹੀਦ ਕਮਲਜੀਤ ਸਿੰਘ, ਸਬ-ਇੰਸਪੈਕਟਰ;
19. ਸ਼ਹੀਦ ਬਖਤਾਬਰ ਸਿੰਘ, ਨਾਇਕ;
20. ਸ਼ਹੀਦ ਮਨਜਿੰਦਰ ਸਿੰਘ; ਅਤੇ
21. ਲੁਧਿਆਣਾ ਦੁਰਘਟਨਾ ਵਿੱਚ ਮਾਰੇ ਗਏ ਵਿਅਕਤੀ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਸਰਦਾਰ ਸੁਖਪਾਲ ਸਿੰਘ ਖਹਿਰਾ, ਵਿਰੋਧੀ ਧਿਰ ਦੇ ਨੇਤਾ ਵੱਲੋਂ 289 ਕਿਸਾਨ ਤੇ ਖੇਤ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਅਤੇ ਖੁਦਕੁਸ਼ੀਆਂ, ਅੱਠ ਬੱਚੇ ਇਕ ਟਿੱਪਰ ਦੁਆਰਾ ਕੁਚਲੇ ਜਾਣ ਅਤੇ ਸੱਤ ਜਾਂ ਅੱਠ ਟੀਚਰ ਜੋ ਫਿਰੋਜ਼ਪੁਰ ਫਾਜ਼ਿਲਕਾ ਰੋਡ ਉਤੇ ਹੋਏ ਇਕ ਐਕਸੀਡੈਂਟ ਦਾ ਸ਼ਿਕਾਰ ਹੋਏ ਅਤੇ ਸਰਦਾਰ ਲਖਬੀਰ ਸਿੰਘ ਲੋਧੀਨੰਗਲ ਦੁਆਰਾ ਸ਼ਹੀਦ ਸਰਦਾਰ ਮਨਦੀਪ ਸਿੰਘ ਚਾਹਲ, ਚਾਹਲ ਖੁਰਦ, ਜਿਲ੍ਹਾ ਗੁਰਦਾਸਪੁਰ ਨੂੰ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਸਵਰਗਵਾਸੀਆਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੌਨ ਧਾਰਨ ਕੀਤਾ।

ਇਸ ਉਪਰੰਤ ਸਦਨ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਮੰਗਲਵਾਰ ਮਿਤੀ 28 ਨਵੰਬਰ, 2017 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ:
27 ਨਵੰਬਰ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।